# Do you need a TV Licence?

## You need to be covered by a TV Licence to:

**a)** watch or record live TV programmes on any channel, and
**b)** download or watch BBC programmes on iPlayer.

This could be on any device, including a TV, desktop computer, laptop, mobile phone, tablet, games console, digital box or DVD/VHS recorder.

If you do any of the above without a valid licence, you risk prosecution and a maximum penalty of up to £1,000*, plus any legal costs and/or compensation you may be ordered to pay. You will also still have to buy a TV Licence if you need one.

To find out more, go to **tvlicensing.co.uk/info**

**Please see 'How to buy a TV Licence' below for different ways to pay.**

*The maximum fine is £2,000 in Guernsey.

## Only watching non-UK satellite programmes?

You still need a licence, even if you only watch or record programmes broadcast from outside the UK.

## Moved home recently?

If you have moved home and have a licence for your old address, please tell us by visiting **tvlicensing.co.uk/moving** or by calling 0300 790 6044.

## Don't need a licence?

You don't need a TV Licence if you never watch or record live TV programmes on any channel or device, and never download or watch BBC programmes on iPlayer.

Please tell us you don't need a licence by going to **tvlicensing.co.uk/noTV**, calling 0300 790 6044 or writing to Customer Services,
TV Licensing,
Darlington DL98 1TL.
We may confirm this with a visit.

If you have sight problems, you can get this information by email or in Braille, large print or audio by calling 0300 790 6076.

If you are deaf, hard of hearing or speech impaired, we support the Next Generation Text (NGT) Service. For more information see **tvlicensing.co.uk/accessibility**

## How to buy a TV Licence.

A colour TV Licence costs £159.00 (£53.50 for a black and white licence). There are lots of different ways to pay – choose the one that suits you best:

PayPoint

**PayPoint** – you can pay for a TV Licence by cash or debit card. Find your nearest outlet at **paypoint.com/locator** or if you live in the Channel Islands or Isle of Man, you can visit your local post office.

**TV Licensing payment card** – you can pay for your TV Licence weekly with payments from £6.00. Please call **0300 555 3456**.

**Credit/debit card** – you can make a single payment with a debit or credit card, including Maestro, Delta, Visa, Visa Electron or MasterCard. Pay online at **tvlicensing.co.uk/payinfo** or call 0300 790 6044.

DIRECT Debit

**Direct Debit** – you can spread the cost of your licence by choosing from our range of Direct Debit options. Find out more at **tvlicensing.co.uk/payinfo** or call 0300 790 6044.

**By post** – send a cheque for the full TV Licence fee payable to 'TV Licensing', writing your name, address and postcode clearly on the back of the cheque. Send it to TV Licensing, Darlington DL98 1TL. Please do not send cash.

## Could you get a concession?

**Are you, or is someone you live with:**

- **Aged 75 or older, and receiving Pension Credit?** You can apply for a free TV Licence. You need to be receiving Pension Credit in your name, or this can be in your partner's name if you are a couple and living at the same address.
  **74 years old and receiving Pension Credit?** You can apply for a free TV Licence now, plus a short-term licence to cover you until your 75th birthday.
  If you live in the Channel Islands or Isle of Man, different conditions may apply.
- **Blind (severely sight impaired)?** You may be eligible to apply for a 50% concession. You can complete and print out an online application form at **tvlicensing.co.uk/blind** and send it to us along with a copy of your document of blind registration or a certificate from your ophthalmologist. You'll also need your licence number, phone number and cheque payment. Please post to TV Licensing, Blind Concession Group, Darlington DL98 1TL.

For more information on concessions, go to **tvlicensing.co.uk/concessions** or call **0300 790 6044**.

LFAQ/SLT/04/21/PUNJABI Updated 04/21

TV LICENSING

# ਕੀ ਤੁਹਾਨੂੰ ਇੱਕ ਟੀਵੀ ਲਾਇਸੰਸ ਦੀ ਲੋੜ ਹੈ?

## ਤੁਹਾਨੂੰ ਨਿਮਨਲਿਖਤ ਚੀਜ਼ਾਂ ਕਰਨ ਲਈ ਇੱਕ ਟੀਵੀ ਲਾਇਸੰਸ ਦੁਆਰਾ ਕਵਰ ਕੀਤੇ ਜਾਣ ਦੀ ਲੋੜ ਹੈ:

**a)** ਕਿਸੇ ਵੀ ਚੈਨਲ 'ਤੇ ਲਾਈਵ ਟੀਵੀ ਪ੍ਰੋਗਰਾਮਾਂ ਨੂੰ ਦੇਖਣਾ ਜਾਂ ਰਿਕਾਰਡ ਕਰਨਾ, ਅਤੇ
**b)** iPlayer 'ਤੇ BBC ਦੇ ਪ੍ਰੋਗਰਾਮਾਂ ਨੂੰ ਡਾਊਨਲੋਡ ਕਰਨਾ ਜਾਂ ਦੇਖਣਾ।

ਇਹ ਕਿਸੇ ਵੀ ਡੀਵਾਈਸ 'ਤੇ ਹੋ ਸਕਦਾ ਹੈ, ਜਿਸ ਵਿੱਚ ਟੀਵੀ, ਡੈਸਕਟਾਪ ਕੰਪਿਊਟਰ, ਲੈਪਟਾਪ, ਮੋਬਾਇਲ ਫ਼ੋਨ, ਟੈਬਲੈੱਟ, ਗੇਮਜ਼ ਕੰਸੋਲ, ਡਿਜਿਟਲ ਬਾਕਸ ਜਾਂ DVD/VHS ਰਿਕਾਰਡਰ ਸ਼ਾਮਲ ਹਨ।

ਜੇਕਰ ਤੁਸੀਂ ਬਿਨਾਂ ਕਿਸੇ ਵੈਧ ਲਾਇਸੰਸ ਦੇ ਇਹਨਾਂ ਵਿੱਚੋਂ ਕੁਝ ਵੀ ਕਰਦੇ ਹੋ ਤਾਂ ਤੁਹਾਨੂੰ ਮੁਕੱਦਮੇਬਾਜ਼ੀ ਦਾ ਅਤੇ ਵੱਧ ਤੋਂ ਵੱਧ £1,000* ਤੱਕ ਦੇ ਜੁਰਮਾਨੇ, ਅਤੇ ਨਾਲ ਹੀ ਉਹਨਾਂ ਕਨੂੰਨੀ ਖ਼ਰਚਿਆਂ ਅਤੇ/ਜਾਂ ਉਹ ਮੁਆਵਜ਼ਾ ਭਰਨ ਦਾ ਖਤਰਾ ਹੈ ਜਿਸਨੂੰ ਅਦਾ ਕਰਨ ਦਾ ਤੁਹਾਨੂੰ ਆਦੇਸ਼ ਦਿੱਤਾ ਜਾ ਸਕਦਾ ਹੈ। ਤੁਹਾਨੂੰ ਇੱਕ ਟੀਵੀ ਲਾਇਸੰਸ ਫੇਰ ਵੀ ਖਰੀਦਣਾ ਪਵੇਗਾ ਜੇ ਤੁਹਾਨੂੰ ਲੋੜ ਹੈ।

ਹੋਰ ਜਾਣਕਾਰੀ ਵਾਸਤੇ, **tvlicensing.co.uk/info** 'ਤੇ ਜਾਓ।

**ਭੁਗਤਾਨ ਕਰਨ ਦੇ ਵਿਭਿੰਨ ਤਰੀਕਿਆਂ ਵਾਸਤੇ ਕਿਰਪਾ ਕਰਕੇ ਹੇਠਾਂ ਟੀਵੀ ਲਾਇਸੰਸ ਕਿਵੇਂ ਖਰੀਦੀਏ' ਦੇਖੋ।**

*ਗਰੱਨਜ਼ੀ (Guernsey) ਵਿੱਚ ਵੱਧ ਤੋਂ ਵੱਧ ਜੁਰਮਾਨਾ £2000 ਹੈ।

## ਕੀ ਤੁਸੀਂ ਕੇਵਲ ਗੈਰ-ਯੂਕੇ ਸੈਟੇਲਾਈਟ ਪ੍ਰੋਗਰਾਮ ਦੇਖਦੇ ਹੋ?

ਤੁਹਾਨੂੰ ਫੇਰ ਵੀ ਇੱਕ ਲਾਇਸੰਸ ਦੀ ਲੋੜ ਹੈ ਚਾਹੇ ਤੁਸੀਂ ਕੇਵਲ ਯੂਕੇ ਤੋਂ ਬਾਹਰੋਂ ਪ੍ਰਸਾਰਿਤ ਕੀਤੇ ਜਾਂਦੇ ਪ੍ਰੋਗਰਾਮ ਦੇਖਦੇ ਜਾਂ ਰਿਕਾਰਡ ਕਰਦੇ ਹੋ।

## ਕੀ ਤੁਸੀਂ ਹਾਲ ਹੀ ਵਿੱਚ ਘਰ ਬਦਲਿਆ ਹੈ?

ਜੇ ਤੁਸੀਂ ਘਰ ਬਦਲੀ ਕੀਤਾ ਹੈ ਅਤੇ ਤੁਹਾਡੇ ਕੋਲ ਆਪਣੇ ਪੁਰਾਣੇ ਪਤੇ ਵਾਸਤੇ ਲਾਇਸੰਸ ਹੈ, ਤਾਂ ਕਿਰਪਾ ਕਰਕੇ **tvlicensing.co.uk/moving** 'ਤੇ ਜਾਕੇ ਜਾਂ ਫਿਰ 0300 790 6044 'ਤੇ ਕਾਲ ਕਰਕੇ ਸਾਨੂੰ ਦੱਸੋ।

## ਕੀ ਤੁਹਾਨੂੰ ਲਾਇਸੰਸ ਦੀ ਲੋੜ ਨਹੀਂ ਹੈ?

ਜੇ ਤੁਸੀਂ ਕਿਸੇ ਵੀ ਚੈਨਲ ਜਾਂ ਡੀਵਾਈਸ 'ਤੇ ਕਦੇ ਵੀ ਲਾਈਵ ਟੀਵੀ ਪ੍ਰੋਗਰਾਮ ਨਹੀਂ ਦੇਖਦੇ ਜਾਂ ਰਿਕਾਰਡ ਨਹੀਂ ਕਰਦੇ, ਕਦੇ ਵੀ iPlayer 'ਤੇ BBC ਪ੍ਰੋਗਰਾਮ ਡਾਊਨਲੋਡ ਨਹੀਂ ਕਰਦੇ ਜਾਂ ਦੇਖਦੇ ਤਾਂ ਤੁਹਾਨੂੰ ਕਿਸੇ ਟੀਵੀ ਲਾਇਸੰਸ ਦੀ ਲੋੜ ਨਹੀਂ ਹੈ।

ਕਿਰਪਾ ਕਰਕੇ **tvlicensing.co.uk/noTV** 'ਤੇ ਜਾਕੇ,
0300 790 6044 'ਤੇ ਕਾਲ ਕਰਕੇ ਜਾਂ
Customer Services,
TV Licensing,
Darlington DL98 1TL ਦੇ ਪਤੇ 'ਤੇ ਲਿਖਕੇ ਸਾਨੂੰ ਦੱਸੋ ਕਿ ਤੁਹਾਨੂੰ ਕਿਸੇ ਲਾਇਸੰਸ ਦੀ ਲੋੜ ਨਹੀਂ ਹੈ।
ਹੋ ਸਕਦਾ ਹੈ ਇਸਦੀ ਪੁਸ਼ਟੀ ਕਰਨ ਵਾਸਤੇ ਅਸੀਂ ਇੱਕ ਫੇਰੀ ਪਾਈਏ।

## ਜੇ ਤੁਹਾਨੂੰ ਦ੍ਰਿਸ਼ਟੀ ਸਬੰਧੀ ਸਮੱਸਿਆਵਾਂ ਹਨ, ਤਾਂ 0300 790 6076 'ਤੇ ਕਾਲ ਕਰਕੇ ਤੁਸੀਂ ਇਹ ਜਾਣਕਾਰੀ ਈਮੇਲ ਦੁਆਰਾ ਜਾਂ ਬਰੇਲ ਲਿਪੀ ਵਿੱਚ, ਵੱਡੇ ਛਾਪੇ ਜਾਂ ਆਡੀਓ ਵੰਨਗੀ ਵਿੱਚ ਲੈ ਸਕਦੇ ਹੋ।

ਜੇ ਤੁਸੀਂ ਬੋਲੇ ਹੋ, ਉੱਚਾ ਸੁਣਦੇ ਹੋ ਜਾਂ ਤੁਹਾਨੂੰ ਬੋਲਣ ਵਿੱਚ ਸਮੱਸਿਆ ਹੈ, ਤਾਂ ਅਸੀਂ ਨੈਕਸਟ ਜੇਨਰੇਸ਼ਨ ਟੈਕਸਟ (NGT) ਸਰਵਿਸ ਦਾ ਸਮਰਥਨ ਕਰਦੇ ਹਾਂ। ਵਧੇਰੇ ਜਾਣਕਾਰੀ ਲਈ, **tvlicensing.co.uk/accessibility** ਤੇ ਜਾਓ।

## ਟੀਵੀ ਲਾਇਸੰਸ ਕਿਵੇਂ ਖਰੀਦਣਾ ਹੈ।

ਇੱਕ ਰੰਗਦਾਰ ਟੀਵੀ ਲਾਇਸੰਸ ਦੀ ਲਾਗਤ £159.00 (ਬਲੈਕ ਐਂਡ ਵਾਈਟ ਲਾਇਸੰਸ ਵਾਸਤੇ £53.50) ਹੈ। ਭੁਗਤਾਨ ਕਰਨ ਦੇ ਬਹੁਤ ਸਾਰੇ ਵਿਭਿੰਨ ਤਰੀਕੇ ਹਨ – ਉਹ ਤਰੀਕਾ ਚੁਣੋ ਜੋ ਤੁਹਾਡੇ ਲਈ ਸਭ ਤੋਂ ਢੁਕਵਾਂ ਹੈ:

**PayPoint** – ਤੁਸੀਂ ਇੱਕ ਟੀਵੀ ਲਾਇਸੰਸ ਵਾਸਤੇ ਨਕਦ ਜਾਂ ਡੈਬਿਟ ਕਾਰਡ ਨਾਲ ਭੁਗਤਾਨ ਕਰ ਸਕਦੇ ਹੋ। ਆਪਣਾ ਸਭ ਤੋਂ ਨੇੜਲਾ ਆਉਟਲੈੱਟ **paypoint.com/locator** 'ਤੇ ਲੱਭੋ ਜਾਂ ਜੇ ਤੁਸੀਂ ਚੈਨਲ ਆਈਲੈਂਡਜ ਜਾਂ ਆਇਲ ਆਫ ਮੈਨ ਵਿਖੇ ਰਹਿੰਦੇ ਹੋ, ਤਾਂ ਤੁਸੀਂ ਆਪਣੇ ਸਥਾਨਕ ਪੋਸਟ ਆਫਿਸ ਵਿਖੇ ਜਾ ਸਕਦੇ ਹੋ।

**ਟੀਵੀ ਲਾਇਸੰਸਿੰਗ ਪੇਮੈਂਟ ਕਾਰਡ** – ਤੁਸੀਂ ਆਪਣੇ ਟੀਵੀ ਲਾਇਸੰਸ ਵਾਸਤੇ £6.00 ਤੋਂ ਲੈਕੇ ਸ਼ੁਰੂ ਹੋਣ ਵਾਲੇ ਭੁਗਤਾਨਾਂ ਨੂੰ ਹਰ ਹਫਤੇ ਅਦਾ ਕਰ ਸਕਦੇ ਹੋ।। ਕਿਰਪਾ ਕਰਕੇ **0300 555 3456** 'ਤੇ ਕਾਲ ਕਰੋ।

**ਕਰੈਡਿਟ/ਡੈਬਿਟ ਕਾਰਡ** – ਤੁਸੀਂ ਕਿਸੇ ਡੈਬਿਟ ਜਾਂ ਕਰੈਡਿਟ ਕਾਰਡ ਦੇ ਨਾਲ ਇੱਕ-ਮੁਸ਼ਤ ਭੁਗਤਾਨ ਕਰ ਸਕਦੇ ਹੋ, ਇਹਨਾਂ ਵਿੱਚ Maestro, Delta, Visa, Visa Electron ਜਾਂ MasterCard ਸ਼ਾਮਲ ਹਨ। ਤੁਸੀਂ **tvlicensing.co.uk/payinfo** 'ਤੇ ਆਨਲਾਈਨ ਭੁਗਤਾਨ ਕਰ ਸਕਦੇ ਹੋ ਜਾਂ ਫਿਰ 0300 790 6044 'ਤੇ ਕਾਲ ਕਰੋ।

**ਡਾਇਰੈਕਟ ਡੈਬਿਟ** – ਤੁਸੀਂ ਆਪਣੇ ਲਾਇਸੰਸ ਦੀ ਲਾਗਤ ਨੂੰ ਡਾਇਰੈਕਟ ਡੈਬਿਟ ਵਿਕਲਪਾਂ ਦੀ ਸਾਡੀ ਰੇਂਜ ਤੋਂ ਚੁਣ ਕੇ ਵੰਡ ਸਕਦੇ ਹੋ। **tvlicensing.co.uk/payinfo** ਤੇ ਵਧੇਰੇ ਜਾਣਕਾਰੀ ਲਓ ਜਾਂ ਫਿਰ 0300 790 6044 ਤੇ ਕਾਲ ਕਰੋ।

**ਡਾਕ ਰਾਹੀਂ** – ਸਮੁੱਚੀ ਟੀਵੀ ਲਾਇਸੰਸ ਫੀਸ ਵਾਸਤੇ ਸਾਨੂੰ ਇੱਕ ਚੈੱਕ ਭੇਜੋ ਜੋ 'TV Licensing' ਨੂੰ ਅਦਾਇਗੀਯੋਗ ਹੋਵੇ, ਚੈੱਕ ਦੇ ਪਿਛਲੇ ਪਾਸੇ ਆਪਣਾ ਨਾਮ, ਪਤਾ ਅਤੇ ਪੋਸਟਕੋਡ ਸਾਫ਼-ਸਾਫ਼ ਲਿਖੋ। ਇਸਨੂੰ TV Licensing, Darlington DL98 1TL ਦੇ ਪਤੇ 'ਤੇ ਭੇਜੋ। ਕਿਰਪਾ ਕਰਕੇ ਨਕਦ ਰੁਪਏ ਨਾ ਭੇਜੋ।

## ਕੀ ਤੁਹਾਨੂੰ ਕੋਈ ਛੋਟ ਮਿਲ ਸਕਦੀ ਹੈ?

**ਕੀ ਤੁਸੀਂ, ਜਾਂ ਕੋਈ ਵਿਅਕਤੀ ਜਿਸ ਦੇ ਨਾਲ ਤੁਸੀਂ ਰਹਿੰਦੇ ਹੋ:**

- **75 ਸਾਲ ਜਾਂ ਵੱਡੀ ਉਮਰ ਦੇ ਹੋ, ਅਤੇ ਪੈਂਸ਼ਨ ਕ੍ਰੈਡਿਟ ਪ੍ਰਾਪਤ ਕਰ ਰਹੇ ਹੋ?** ਤੁਸੀਂ ਇੱਕ ਮੁਫ਼ਤ ਟੀਵੀ ਲਾਈਸੰਸ ਲਈ ਅਰਜ਼ੀ ਦੇ ਸਕਦੇ ਹੋ। ਤੁਸੀਂ ਆਪਣੇ ਨਾਮ ਵਿੱਚ ਪੈਂਸ਼ਨ ਕ੍ਰੈਡਿਟ ਪ੍ਰਾਪਤ ਕਰਦੇ ਹੋਣੇ ਚਾਹੀਦੇ ਹੋ, ਜਾਂ ਜੇ ਤੁਸੀਂ ਵਿਆਹੇ ਜੋੜੇ ਹੋ ਅਤੇ ਸਮਾਨ ਪਤੇ 'ਤੇ ਰਹਿ ਰਹੇ ਹੋ ਤਾਂ ਇਹ ਤੁਹਾਡੇ ਸਾਥੀ ਦੇ ਨਾਮ 'ਤੇ ਹੋ ਸਕਦਾ ਹੈ।

  **74 ਸਾਲ ਦੇ ਹੋ ਅਤੇ ਪੈਂਸ਼ਨ ਕ੍ਰੈਡਿਟ ਪ੍ਰਾਪਤ ਕਰ ਰਹੇ ਹੋ?** ਤੁਸੀਂ ਆਪਣੇ 75ਵੇਂ ਜਨਮ ਦਿਨ ਤੱਕ ਆਪਣੇ ਆਪ ਨੂੰ ਕਵਰ ਕਰਨ ਲਈ ਹੁਣ ਇੱਕ ਟੀਵੀ ਲਾਇਸੰਸ, ਦੇ ਨਾਲ ਛੋਟੀ-ਮਿਆਦ ਦੇ ਲਾਇਸੰਸ ਲਈ ਵੀ ਅਰਜ਼ੀ ਦੇ ਸਕਦੇ ਹੋ। ਜੇ ਤੁਸੀਂ ਚੈਨਲ ਆਈਲੈਂਡਸ ਜਾਂ ਆਇਲ ਆਫ ਮੈਨ ਵਿੱਚ ਰਹਿੰਦੇ ਹੋ, ਤਾਂ ਵੱਖਰੀਆਂ ਸ਼ਰਤਾਂ ਲਾਗੂ ਹੋ ਸਕਦੀਆਂ ਹਨ।

- **ਕੀ ਤੁਸੀਂ ਨੇਤਰਹੀਨ ਹੋ (ਦ੍ਰਿਸ਼ਟੀ ਗੰਭੀਰ ਰੂਪ ਵਿੱਚ ਵਿਕਾਰ ਗ੍ਰਸਤ ਹੈ)?** ਤੁਸੀਂ 50% ਛੋਟ ਵਾਸਤੇ ਅਰਜ਼ੀ ਦੇਣ ਲਈ ਯੋਗ ਹੋ ਸਕਦੇ ਹੋ। ਤੁਸੀਂ **tvlicensing.co.uk/blind** 'ਤੇ ਇੱਕ ਔਨਲਾਈਨ ਫਾਰਮ ਪੂਰਾ ਕਰ ਸਕਦੇ ਅਤੇ ਪ੍ਰਿੰਟ ਕਰ ਸਕਦੇ ਹੋ ਅਤੇ ਆਪਣੇ ਨੇਤਰਹੀਣ ਪੰਜੀਕਰਣ ਦਸਤਾਵੇਜ਼ ਦੀ ਇੱਕ ਨਕਲ ਜਾਂ ਆਪਣੇ ਅੱਖਾਂ ਦੇ ਡਾਕਟਰ ਤੋਂ ਮਿਲੇ ਇੱਕ ਸਰਟੀਫਿਕੇਟ ਦੇ ਨਾਲ ਸਾਨੂੰ ਭੇਜ ਸਕਦੇ ਹੋ। ਤੁਹਾਨੂੰ ਆਪਣੇ ਲਾਈਸੰਸ ਨੰਬਰ, ਫ਼ੋਨ ਨੰਬਰ ਅਤੇ ਚੈੱਕ ਭੁਗਤਾਨ ਦੀ ਲੋੜ ਵੀ ਹੋਵੇਗੀ। ਕਿਰਪਾ ਕਰਕੇ TV Licensing, Blind Concession Group, Darlington DL98 1TL

'ਤੇ ਡਾਕ ਰਾਹੀ ਭੇਜੋ। ਛੋਟਾਂ ਉੱਤੇ ਵਧੇਰੀ ਜਾਣਕਾਰੀ ਲਈ, **tvlicensing.co.uk/concessions** 'ਤੇ ਜਾਓ ਜਾਂ **0300 790 6044** 'ਤੇ ਕਾਲ ਕਰੋ।

TV LICENSING



LFAQ/SLT/04/21/PUNJABI ਅੱਪਡੇਟ ਕੀਤਾ 04/21